# ਬਲਦਾ-ਤੇਕ ਨਾਂ ਪੰਜਾਬ

## ਮੇਰੀ ਨਾਟਕ ਡਾਇਰੀ

**ਗੁਰਸ਼ਰਨ ਸਿੰਘ**

ਇਹ ਨਾਟਕ ਮੈਂ ਅਗਸਤ 1985 ਵਿਚ ਲਿਖਿਆ। ਜਦੋਂ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ। ਮੈਂ ਇਸ ਨਾਟਕ ਵਿਚ, ਜਿਥੇ ਇਸ ਸਮਝੌਤੇ ਦਾ ਸਵਾਗਤ ਕੀਤਾ, ਉਥੇ ਇਹ ਵੀ ਰਾਏ ਪੇਸ਼ ਕੀਤੀ ਕਿ ਇਹ ਸਮਝੌਤਾ 1980 ਵਿਚ ਵੀ ਹੋ ਸਕਦਾ ਸੀ। 1972 ਤੋਂ ਲੈ ਕੇ 1985 ਦੀਆਂ ਘਟਨਾਵਾਂ ਨੂੰ ਇਸ ਨਾਟਕ ਦੀ ਲਪੇਟ ਵਿਚ ਲਿਆ ਗਿਆ ਹੈ। ਕੋਈ ਵੀ ਪਾਤਰ ਕਲਪਿਤ ਨਹੀਂ। ਸਾਰੀਆਂ ਰਾਜਸੀ ਹਸਤੀਆਂ ਜਿਨ੍ਹਾਂ ਨੇ ਪੰਜਾਬ ਦੀ ਤ੍ਰਾਸਦੀ ਨੂੰ ਵਧਾਉਣ ਵਿਚ ਆਪਣਾ ਹਿੱਸਾ ਪਾਇਆ ਹੈ, ਉਹ ਇਸ ਨਾਟਕ ਦੇ ਪਾਤਰ ਹਨ। ਜੋ ਨਾਟਕ ਦੇ ਪਾਤਰ ਨਹੀਂ ਉਨ੍ਹਾਂ ਦਾ ਜ਼ਿਕਰ ਹੈ ਅਤੇ ਜ਼ਿਕਰ ਉਨ੍ਹਾਂ ਦੇ ਕਿਸੇ ਫਰਜ਼ੀ ਨਾਂ ਥੱਲੇ ਨਹੀਂ, ਸਗੋਂ ਅਸਲ ਨਾਂ ਥੱਲੇ ਹੈ। ਮੈਂ ਇਲਜ਼ਾਮ ਦੀ ਉਂਗਲ ਪੂਰੇ ਸਪਸ਼ਟ ਹੋ ਕੇ ਉਨ੍ਹਾਂ ਹਸਤੀਆਂ 'ਤੇ ਰੱਖੀ ਹੈ, ਜੋ ਪੰਜਾਬ ਨੂੰ ਮੌਜੂਦਾ ਸੰਤਾਪ ਵਿਚ ਧੱਕਣ ਦੇ ਜ਼ਿੰਮੇਵਾਰ ਹਨ। ਇਸ ਨਾਟਕ ਦੀ ਸਫਲਤਾ ਦਾ ਕਾਰਨ ਵੀ ਇਸ ਵਿਚ ਦੀ ਸਪਸ਼ਟਤਾ ਹੈ। ਇਸ ਦੀਆਂ ਬੇਸ਼ੁਮਾਰ ਪੇਸ਼ਕਾਰੀਆਂ ਮੈਂ 1985-86 ਵਿਚ ਕੀਤੀਆਂ।

1972 ਵਿਚ ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਹੈ। ਉਹ ਇਹ ਜਾਣਦਾ ਹੈ ਕਿ ਪੰਜਾਬ ਵਿਚ ਕਾਂਗਰਸ ਦੀ ਰਾਜਸੀ ਸੱਤਾ ਨੂੰ ਜੇਕਰ ਕੋਈ ਚੁਣੌਤੀ ਦੇ ਸਕਦਾ ਹੈ, ਉਹ ਅਕਾਲੀ ਹੀ ਹਨ। ਅਕਾਲੀਆਂ ਦਾ ਰਾਜਸੀ ਆਧਾਰ ਧਰਮ ਉਤੇ ਹੈ। ਅਗਰ ਉਨ੍ਹਾਂ ਦਾ ਆਧਾਰ ਹਿਲਾਉਣਾ ਹੈ ਤਾਂ ਇਸ ਆਧਾਰ ਉਤੇ ਹੀ ਹਮਲਾ ਕੀਤਾ ਜਾਵੇ। ਅਜਿਹਾ ਕਰਨ ਲਈ ਉਹ ਬਾਬਿਆਂ ਦੇ ਡੇਰੇ 'ਤੇ ਜਾਂਦਾ ਹੈ। ਇਹ ਬਾਬੇ ਗੁਰੂ ਕੀ ਲਾਡਲੀ ਫੌਜ ਹਨ। ਦੀਵਾਲੀ, ਹੋਲੇ ਤੇ ਵਿਸਾਖੀ ਇਹ ਘੋੜਿਆਂ ਦੇ ਜਲੂਸ ਕੱਢਦੇ ਹਨ ਤੇ ਬਾਕੀ ਸਮਾਂ ਆਪਣੇ ਡੇਰਿਆਂ ਵਿਚ ਕੱਟਦੇ ਹਨ। ਗਿਆਨੀ ਜ਼ੈਲ ਸਿੰਘ ਉਨ੍ਹਾਂ ਨੂੰ ਜਾ ਕੇ ਫੂਕ ਦਿੰਦਾ ਹੈ ਕਿ ਅਕਾਲੀਆਂ ਨੇ ਸਿੱਖੀ ਦਾ ਬੇੜਾ ਡੋਬ ਦਿੱਤਾ ਹੈ ਤੇ ਇਹ ਬਾਬੇ ਹੀ ਉਸ ਬੇੜੇ ਨੂੰ ਪਾਰ ਲਗਾ ਸਕਦੇ ਹਨ। ਉਨ੍ਹਾਂ ਨੂੰ ਸਿਆਸਤ ਵਿਚ ਆਉਣਾ ਚਾਹੀਦਾ ਹੈ। ਸਿਆਸਤ ਵਿਚ ਆਉਣ ਲਈ ਉਹ ਉਨ੍ਹਾਂ ਲਈ ਸਾਰੀਆਂ ਸਹੂਲਤਾਂ ਮੁਹੱਈਆ ਕਰੇਗਾ। ਪ੍ਰੈਸ ਵਿਚ ਉਨ੍ਹਾਂ ਦੇ ਬਿਆਨ ਲਗਵਾਏਗਾ। ਬਾਬੇ ਪੁੱਛਦੇ ਹਨ ਕਿ ਬਿਆਨ ਕਿਸ ਤਰ੍ਹਾਂ ਲਗਵਾਏ ਜਾਣ ਤਾਂ ਗਿਆਨੀ ਹੋਰੀਂ ਹੀ ਸੁਝਾਅ ਦਿੰਦੇ ਹਨ ਕਿ ਇਕ ਮਸਲਾ ਡਾਕਟਰ ਫੌਜਾ ਸਿੰਘ ਦੀ ਗੁਰੂ ਤੇਗ ਬਹਾਦਰ ਬਾਰੇ ਇਕ ਖੋਜ ਹੈ, ਜਿਸ ਵਿਚ ਇਹ ਸਾਬਤ ਕੀਤਾ ਗਿਆ ਹੈ ਕਿ ਗੁਰੂ ਤੇਗ ਬਹਾਦਰ ਕਸ਼ਮੀਰੀ ਪੰਡਤਾਂ ਦੇ ਕਹਿਣ ਤੇ ਦਿੱਲੀ ਚਾਂਦਨੀ ਚੌਕ ਵਿਚ ਸ਼ਹਾਦਤ ਪਾ ਗਏ, ਪੂਰਾ ਸੱਚ ਨਹੀਂ। ਬਾਬੇ ਇਹ ਮਸਲਾ ਲੈ ਕੇ ਸਿੰਘ ਸੰਗਤਾਂ ਵਿਚ ਆਪਣੀ ਧਾਂਕ ਬਿਠਾ ਸਕਦੇ ਹਨ। ਸੋ ਬਾਬੇ ਡਾਂਗ ਚੁੱਕ ਲੈਂਦੇ ਹਨ ਤੇ ਨਾਟਕ ਵਿਚ ਟਿਪਣੀ ਹੈ—ਅੱਗੋ ਅੱਗੇ ਅਕਲ, ਪਿੱਛੇ ਪਿੱਛੇ ਡਾਂਗ। ਤਰਕ ਖੰਭ ਲਾ ਕੇ ਉਡਿਆ, ਧੱਕਾ ਹੋਇਆ ਪ੍ਰਧਾਨ।

ਇਕ ਵਾਰੀ ਧੱਕਾ ਪ੍ਰਧਾਨ ਹੋ ਗਿਆ ਤਾਂ ਬਾਬੇ ਹੁਣ ਬੱਸਾਂ ਦੀਆਂ ਛੱਤਾਂ 'ਤੇ ਮੁਫਤ ਸਫਰ ਕਰਦੇ ਹਨ। ਹਰ ਇਕ ਨੂੰ ਡਰਾਂਦੇ ਹਨ। ਧੱਕੇ ਦੇ ਵਾਤਾਵਰਣ ਬਾਅਦ ਐਮਰਜੈਂਸੀ ਆਂਦੀ ਹੈ, ਫੇਰ ਬਾਦਲ ਸਰਕਾਰ ਆ ਗਈ ਹੈ। ਗਿਆਨੀ ਚੁੱਪ ਨਹੀਂ ਬੈਠਦਾ। ਹੁਣ ਉਹ ਸਿੱਖ ਨਿਰੰਕਾਰੀ ਝਗੜੇ ਨੂੰ ਇਨ੍ਹਾਂ ਬਾਬਿਆਂ ਰਾਹੀਂ ਹੀ ਤੂਲ ਦਿੰਦਾ ਹੈ।

ਅਕਾਲੀ ਵਜ਼ਾਰਤ ਡਿਗ ਗਈ ਹੈ। ਹੁਣ ਦਰਬਾਰਾ ਸਿੰਘ ਪੰਜਾਬ ਦਾ ਮੁੱਖ ਮੰਤਰੀ ਬਣ ਗਿਆ ਹੈ। ਗਿਆਨੀ ਤੇ ਦਰਬਾਰਾ ਸਿੰਘ ਦਾ ਝਗੜਾ ਹੈ, ਦੋਨੋਂ ਇੰਦਰਾ ਗਾਂਧੀ ਦੇ ਨਜ਼ਰਾਂ ਵਿਚ [illegible] ਜੇਲ੍ਹਾਂ ਭਰਦੀਆਂ ਹਨ। 70 ਹਜ਼ਾਰ ਬੰਦਾ 1982-83 ਵਿਚ ਜੇਲ੍ਹਾਂ ਵਿਚ ਹੈ। ਕੇਂਦਰ ਸਰਕਾਰ ਨਾਲ ਗੱਲ ਨਿਬੜਣ ਵਾਲੀ ਹੈ ਪਰ ਫੇਰ ਰਾਜ਼ਨੀਤੀ ਆਪਣੀ ਖੇਡ ਖੇਡਦੀ ਹੈ। ਪੰਜਾਬ ਦਾ ਸੰਤਾਪ ਵਧਦਾ ਜਾ ਰਿਹਾ ਹੈ। ਨਿਰੰਕਾਰੀਆਂ ਅਤੇ ਹਿੰਦੂਆਂ ਦੇ ਕਤਲ ਹੋ ਰਹੇ ਹਨ। 1983 ਵਿਚ ਕੁਲਵੰਤ ਸਿੰਘ ਨਾਗੋਕੇ ਦੇ ਝੂਠੇ ਪੁਲੀਸ ਮੁਕਾਬਲੇ ਵਿਚ ਮਾਰੇ ਜਾਣ ਤੋਂ ਬਾਅਦ ਇਸ ਕਿਸਮ ਦੇ ਸਿੱਖ ਨੌਜਵਾਨਾਂ ਦੇ ਕਤਲਾਂ ਦਾ ਵੀ ਮੁੱਢ ਬੱਝ ਗਿਆ ਹੈ। ਸੰਤ ਭਿੰਡਰਾਂਵਾਲਾ ਹੁਣ ਪੰਜਾਬ ਦੀ ਰਾਜਨੀਤੀ 'ਤੇ ਪੂਰੀ ਤਰ੍ਹਾਂ ਗਾਲਬ ਹੋ ਗਿਆ ਹੈ।

ਜੂਨ 84 ਦੀਆਂ ਘਟਨਾਵਾਂ, ਗਿਆਨੀ ਜ਼ੈਲ ਸਿੰਘ ਦਾ ਦਰਬਾਰ ਸਾਹਿਬ ਛੱਤਰੀ ਲੈ ਕੇ ਆਉਣਾ ਤੇ ਫੇਰ ਟੈਲੀਵਿਜ਼ਨ ਵਿਚ ਬੋਲਣਾ ਸਭ ਨਾਟਕ ਦਾ ਭਾਗ ਹਨ। ਪੰਜਾਬ ਵਿਚ ਜੂਨ 84 ਤੋਂ ਲੈ ਕੇ ਅੱਧ ਸਤੰਬਰ ਤਕ ਫੌਜ ਵਲੋਂ ਜੋ ਜਬਰ ਦਾ ਦੌਰ ਚਲਾਇਆ ਗਿਆ, ਉਹ ਵੀ ਨਾਟਕ ਦਾ ਇਕ ਦ੍ਰਿਸ਼ ਹੈ। ਇਸੇ ਤਰ੍ਹਾਂ ਇਕ ਨੌਜਵਾਨ ਆ ਕੇ ਨਾਟਕਕਾਰ ਨਾਲ ਗੱਲ ਕਰਦਾ ਹੈ, ਜਿਸ ਵਿਚ ਇੰਦਰਾ ਗਾਂਧੀ ਨੂੰ ਕਤਲ ਕਰਨ ਦਾ ਇਰਾਦੇ ਉਹ ਪੂਰੀ ਤਰ੍ਹਾਂ ਜ਼ਾਹਰ ਕਰਦਾ ਹੈ। ਨੌਜਵਾਨਾਂ ਦੀ ਅਰਦਾਸ ਵਿਚ ਇਹ ਸ਼ਾਮਲ ਹੋ ਗਿਆ ਹੈ ਕਿ ਜਿਸ ਹਾਕਮ ਨੇ ਅਕਾਲ ਤਖਤ ਢਾਹਿਆ ਹੈ, ਉਹਦਾ ਜੀਂਦੇ ਰਹਿਣਾ ਸਿੱਖਾਂ ਦੀ ਅਣਖ ਨੂੰ ਚੁਣੌਤੀ ਹੈ।

ਆਉਣ ਵਾਲੀਆਂ ਘਟਨਾਵਾਂ ਵਿਚ ਇੰਦਰਾ ਗਾਂਧੀ ਦਾ ਕਤਲ, ਦਿੱਲੀ ਦਾ ਕਤਲੇਆਮ ਅਤੇ ਲਾਸ਼ਾਂ ਦੇ ਢੇਰ ਤੇ ਰਾਜੀਵ-ਲੌਂਗੋਵਾਲ ਸਮਝੌਤਾ ਹੁੰਦਾ ਦਿਖਾਇਆ ਗਿਆ ਹੈ। ਮੇਕਅਪ ਦੀ ਕਲਾ ਰਾਹੀਂ ਸਾਰੇ ਰਾਜਸੀ ਕਰੈਕਟਰ ਇਸ ਤਰ੍ਹਾਂ ਪੇਸ਼ ਕੀਤੇ ਗਏ ਹਨ ਕਿ ਕਿਸੇ ਦੀ ਪਛਾਣ ਬਾਰੇ ਕੋਈ ਸ਼ੱਕ ਨਹੀਂ ਰਹਿੰਦਾ। ਕੇਵਲ ਧਾਲੀਵਾਲ, ਪਰਮਜੀਤ ਸਿੰਘ, ਕ੍ਰਿਸ਼ਨ ਦਵੇਸਰ, ਸੁਖਦੇਵ ਪ੍ਰੀਤ, ਜਸਵੰਤ ਜੱਸ, ਨਰਿੰਦਰ ਸਾਘੀ ਦਲ ਬਦਲ ਕੇ ਆਪਣੀਆਂ ਆਪਣੀਆਂ ਭੂਮਿਕਾਵਾਂ ਨਿਭਾਂਦੇ ਰਹੇ। ਸੂਤਰਧਾਰ ਮੈਂ ਹਰ ਥਾਂ ਆਪ ਹੁੰਦਾ ਸਾਂ। ਸਮਝੌਤਾ 1980 ਵਿਚ ਵੀ ਹੋ ਸਕਦਾ ਸੀ। ਪੰਜਾਬ ਦੇ ਲੋਕਾਂ ਨੂੰ ਇਹਦੀ ਬੜੀ ਮਹਿੰਗੀ ਕੀਮਤ ਦੇਣੀ ਪਈ ਹੈ। ਸ਼ਾਇਦ ਹਾਲੇ ਹੋਰ ਵੀ ਕੀਮਤ ਦੇਣੀ ਪਵੇ, ਕਿਉਂਕਿ ਨਫਰਤ ਅਤੇ ਕਤਲੋਗਾਰਤ ਦਾ ਵਾਤਾਵਰਨ ਜਿਹੜਾ ਪੰਜਾਬ ਵਿਚ ਏਨੇ ਸਾਲ ਛਾਇਆ ਰਿਹਾ ਹੈ, ਇਹਦਾ ਅਸਰ ਹੌਲੇ ਹੌਲੇ ਹੀ ਮਰੇਗਾ। ਏਨੀ ਕੀਮਤ ਦੇਣ 'ਤੇ ਵੀ ਸਾਧਾਰਨ ਲੋਕ ਤੰਗੀਆਂ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ। ਉਸ ਵਿਚ ਕੋਈ ਰੱਤੀ ਭਰ ਵੀ ਫਰਕ ਨਹੀਂ ਪਿਆ। ਕੀ ਨੌਜਵਾਨਾਂ ਲਈ ਭਵਿੱਖ ਉਸੇ ਤਰ੍ਹਾਂ ਹਨੇਰੇ ਵਿਚ ਨਹੀਂ ? ਕੀ ਪੈਸੇ ਦੀ ਪ੍ਰਧਾਨਗੀ ਉਸੇ ਤਰ੍ਹਾਂ ਸਮਾਜ ਵਿਚ ਨਹੀਂ ? ਨੌਕਰੀਆਂ ਦੀ ਨਿਯੁਕਤੀ ਖਰੀਦੀ ਨਹੀਂ ਜਾਂਦੀ ? ਕੀ ਰੇਲ ਗੱਡੀਆਂ, ਬੱਸਾਂ, ਹਸਪਤਾਲਾਂ, ਸਰਕਾਰੀ ਦਫਤਰਾਂ ਵਿਚ ਸਾਧਾਰਨ ਲੋਕਾਂ ਲਈ ਧੱਕੇ ਤੇ ਧੱਕਾ ਨਹੀਂ ਹਨ ? ਕੀ ਪੁਲੀਸ ਥਾਣਿਆਂ ਵਿਚ ਉਸੇ ਤਰ੍ਹਾਂ ਹਨੇਰਗਰਦੀ ਨਹੀਂ ? ਕੀ ਬੰਦੇ ਝੂਠੇ ਮੁਕਾਬਲਿਆ ਵਿਚ ਨਹੀਂ ਮੁਕਾਏ ਜਾਂਦੇ ? ਕੀ ਚੋਣਾਂ ਦੀ ਖੇਡ ਉਸੇ ਤਰ੍ਹਾਂ ਪੈਸੇ ਨਾਲ ਨਹੀਂ ਖੇਡੀ ਜਾਂਦੀ ? ਕੀ ਕਿਸਾਨਾਂ ਦੀ ਜਿਣਸ ਮੰਡੀਆਂ ਵਿਚ ਨਹੀਂ ਰੁਲਦੀ ?

ਪਿੱਛੋਂ ਲਿਖਿਆ ਨੋਟ: ਇਹ ਨਾਟਕ 20 ਅਗਸਤ 1985 ਵਿਚ ਜਦੋਂ ਪਹਿਲੀ ਵਾਰ ਅੰਮ੍ਰਿਤਸਰ ਪੇਸ਼ ਕਰ ਰਿਹਾ ਸਾਂ ਤਾਂ ਨਾਟਕ ਦੇ ਦਰਮਿਆਨ ਸੰਤ ਲੌਂਗੋਵਾਲ ਦੀ ਹੱਤਿਆ ਦੀ ਖਬਰ ਆਈ ਸੀ। ਆਉਣ ਵਾਲੇ ਸਮੇਂ ਵਿਚ ਪੰਜਾਬ ਦਾ ਸੰਤਾਪ ਵਧਦਾ ਹੀ ਗਿਆ। ਲੋਕਾਂ ਦਾ ਆਪਸੀ ਸਮਝੌਤਾ ਜਿਸ ਰਾਹੀਂ ਇਹ ਮੌਤ ਦੀ ਖੇਡ ਬੰਦ ਕੀਤੀ ਜਾ ਸਕਦੀ ਹੈ, ਹਾਲੇ ਨੇੜੇ ਦੀ ਅਸਲੀਅਤ ਨਹੀਂ ਲਗਦੀ ਪਰ ਇਸ ਦਾ ਇਹ ਮਤਲਬ ਨਹੀਂ ਕਿ ਸੰਘਰਸ਼ ਨੂੰ ਛੱਡ ਦਿੱਤਾ ਜਾਏ। ਪੰਜਾਬ ਦੇ ਹਿਤੈਸ਼ੀਆਂ ਦਾ ਇਹ ਸੰਘਰਸ਼ ਇਕ ਦਿਨ ਜ਼ਰੂਰ ਸਫਲ ਹੋਏਗਾ, ਇਹ ਮੇਰ[illegible]